StartingBlocks.gov.au

ਤੁਹਾਡੇ ਬੱਚੇ ਵਾਸਤੇ ਸਹੀ ਸੇਵਾ ਦੀ ਚੋਣ ਕਰਨਾ

ਸਹੀ ਸੇਵਾ ਦੀ ਚੋਣ ਕਰਨਾ ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਰੁਮਾਂਚਕਾਰੀ ਅਤੇ ਕਈ ਵਾਰੀ ਬਿਹਬਲ ਕਰ ਦੇਣਾ ਵਾਲਾ ਸਮਾਂ ਹੋ ਸਕਦਾ ਹੈ। ਇਹ ਮਹੱਤਵ ਪੂਰਣ ਹੈ ਕਿ ਤੁਸੀਂ ਆਪਣੇ ਵਿਕਲਪਾਂ 'ਤੇ ਜਲਦੀ ਵਿਚਾਰ ਕਰੋ ਅਤੇ ਆਰੰਭਿਕ ਸਿੱਖਿਆ ਅਤੇ ਸੰਭਾਲ ਦੀ ਉਸ ਕਿਸਮ ਬਾਰੇ ਖੋਜ ਕਰੋ ਜੋ ਤੁਹਾਡੇ ਪਰਿਵਾਰ ਲਈ ਸਭ ਤੋਂ ਵੱਧ ਢੁਕਵੀਂ ਹੈ ਅਤੇ ਤੁਹਾਡੇ ਬੱਚੇ ਵਾਸਤੇ ਸਭ ਤੋਂ ਵਧੀਆ ਸਿੱਟੇ ਪ੍ਰਦਾਨ ਕਰੇਗੀ।

ਮੇਰੇ ਵਿਕਲਪ ਕੀ ਹਨ?

ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਸਿੱਖਿਆ ਅਤੇ ਸੰਭਾਲ ਦੇ ਕਈ ਵਿਕਲਪ ਉਪਲਬਧ ਹਨ:

+ ਲੰਬੀ ਦੈਨਿਕ ਸੰਭਾਲ

ਲੰਬੀ ਦੈਨਿਕ ਸੰਭਾਲ (Long Day Care) ਉਹਨਾਂ ਲੋਕਾਂ ਵਾਸਤੇ ਸਭ ਤੋਂ ਵਧੀਆ ਹੈ ਜੋ ਦਿਨ ਵਿੱਚ ਜ਼ਿਆਦਾ ਸਮੇਂ ਲਈ ਕੰਮ ਕਰਦੇ ਹਨ ਅਤੇ ਜਿੰਨ੍ਹਾਂ ਨੂੰ ਕੰਮ ਕਰਨ ਦੇ ਘੰਟਿਆਂ ਦੌਰਾਨ ਆਪਣੇ ਬੱਚਿਆਂ ਵਾਸਤੇ ਸੰਭਾਲ ਦੀ ਲੋੜ ਪੈਂਦੀ ਹੈ। ਇਹ ਸੇਵਾ ਪ੍ਰਤੀ ਦਿਨ ਘੱਟੋ ਘੱਟ 8 ਘੰਟਿਆਂ ਵਾਸਤੇ, ਹੁੰਦੀ ਹੈ ਜੋ ਖਾਸ ਤੌਰ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਕਿਸੇ ਬਾਲ ਸੰਭਾਲ ਕੇਂਦਰ ਵਿੱਚ ਹੁੰਦੀ ਹੈ ਅਤੇ ਜਨਮ ਤੋਂ ਲੈਕੇ ਪੰਜ ਸਾਲਾਂ ਤੱਕ ਦੇ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦੀ ਹੈ।

+ ਪਰਿਵਾਰਕ ਦੈਨਿਕ ਸੰਭਾਲ

ਪਰਿਵਾਰਕ ਦੈਨਿਕ ਸੰਭਾਲ (Family Day Care) ਉਹਨਾਂ ਮਾਪਿਆਂ ਵਾਸਤੇ ਸਭ ਤੋਂ ਮਹਾਨ ਹੁੰਦੀ ਹੈ ਜੋ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਛੋਟੇ ਗਰੁੱਪਾਂ ਵਿੱਚ, ਘਰ ਵਰਗੇ ਵਾਤਾਵਰਣ ਵਿੱਚ ਸਿੱਖਣ ਅਤੇ ਖੇਡਣ। ਇਹ ਜਨਮ ਤੋਂ ਲੈਕੇ 12 ਸਾਲਾਂ ਤੱਕ ਦੇ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਇਸਦਾ ਸੰਚਾਲਨ ਕਿਸੇ ਰਜਿਸਟਰਡ ਐਜੂਕੇਟਰ ਦੇ ਘਰ ਵਿੱਚ ਹੁੰਦਾ ਹੈ।

+ ਕਦੇ-ਕਦਾਈਂ ਬਾਲ ਸੰਭਾਲ

ਕਦੇ-ਕਦਾਈਂ ਬਾਲ ਸੰਭਾਲ (Occasional Child Care) ਸਮੇਂ ਦੀਆਂ ਛੋਟੀਆਂ ਮਿਆਦਾਂ ਵਾਸਤੇ ਅਚਨਚੇਤੀ ਆਧਾਰ 'ਤੇ ਕਾਰਜ ਕਰਦੀ ਹੈ। ਇਹ ਜਨਮ ਤੋਂ ਲੈਕੇ ਪੰਜ ਸਾਲਾਂ ਤੱਕ ਦੇ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਉਹਨਾਂ ਲੋਕਾਂ ਲਈ ਢੁਕਵੀਂ ਹੈ ਜਿੰਨ੍ਹਾਂ ਨੂੰ ਅਸਥਾਈ ਸੇਵਾ ਪਸੰਦ ਹੈ ਜਾਂ ਲੋੜੀਂਦੀ ਹੈ।

+ ਪ੍ਰੀ-ਸਕੂਲ ਸੇਵਾਵਾਂ

ਪ੍ਰੀਸਕੂਲ ਸੇਵਾਵਾਂ ਤਿੰਨ ਤੋਂ ਪੰਜ ਸਾਲਾਂ ਦੇ ਬੱਚਿਆਂ ਵਾਸਤੇ ਹਨ ਅਤੇ ਅਜਿਹੇ ਬੱਚਿਆਂ ਦੇ ਮਾਪਿਆਂ ਵਾਸਤੇ ਸਭ ਤੋਂ ਵਧੀਆ ਹਨ ਜੋ ਪ੍ਰਾਇਮਰੀ ਸਕੂਲ ਜਾਣ ਵਾਸਤੇ ਲਗਭਗ ਤਿਆਰ ਹਨ। ਇਹ ਸੇਵਾ ਜਿਸਨੂੰ ਕਈ ਵਾਰ ਕਿੰਡਰਗਾਰਟਨ ਵਜੋਂ ਵੀ ਜਾਣਿਆ ਜਾਂਦਾ ਹੈ, ਇੱਕ ਸੁਤੰਤਰ ਸੇਵਾ ਵੀ ਹੋ ਸਕਦੀ ਹੈ ਜਾਂ ਫਿਰ ਲੰਬੀ ਦੈਨਿਕ ਸੰਭਾਲ ਜਾਂ ਪਰਿਵਾਰਕ ਦੈਨਿਕ ਸੰਭਾਲ ਦੇ ਪ੍ਰੋਗਰਾਮ ਦਾ ਭਾਗ ਹੋ ਸਕਦੀ ਹੈ।

+ ਮੋਬਾਈਲ ਸੇਵਾਵਾਂ

ਮੋਬਾਈਲ ਸੇਵਾਵਾਂ ਪੇਂਡੂ, ਸ਼ਹਿਰੀ ਅਤੇ ਦੂਰ-ਦੁਰਾਡੇ ਖੇਤਰਾਂ ਵਿੱਚ ਕਦੇ-ਕਦਾਈਂ, ਪ੍ਰੀਸਕੂਲ ਜਾਂ ਲੰਬੀਆਂ ਦੈਨਿਕ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਭਾਈਚਾਰਿਆਂ ਵਿੱਚੋਂ ਗੁਜ਼ਰਦੀਆਂ ਹਨ। ਇਹ ਸੇਵਾ ਆਮ ਤੌਰ 'ਤੇ ਪੰਜ ਸਾਲਾਂ ਤੱਕ ਦੇ ਬੱਚਿਆਂ ਵਾਸਤੇ ਹੁੰਦੀ ਹੈ, ਅਤੇ ਉਹਨਾਂ ਮਾਪਿਆਂ ਵਾਸਤੇ ਮਹਾਨ ਸੇਵਾ ਹੈ ਜੋ ਕਿਸੇ ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾ ਤੋਂ ਬਹੁਤ ਦੂਰ ਰਹਿੰਦੇ ਹਨ।

+ ਸਕੂਲ ਦੇ ਸਮੇਂ (ਘੰਟਿਆਂ) ਤੋਂ ਅੱਗੇ-ਪਿੱਛੇ ਦੀ ਸੰਭਾਲ

ਸਕੂਲ ਦੇ ਸਮੇਂ (ਘੰਟਿਆਂ) ਤੋਂ ਅੱਗੇ-ਪਿੱਛੇ ਦੀ ਸੰਭਾਲ (Outside School Hours Care) ਸਕੂਲ ਤੋਂ ਪਹਿਲਾਂ ਅਤੇ ਬਾਅਦ ਅਤੇ/ਜਾਂ ਸਕੂਲ ਦੀਆਂ ਛੁੱਟੀਆਂ ਦੌਰਾਨ ਦੀ ਸੇਵਾ ਹੁੰਦੀ ਹੈ। ਇਹ ਸੇਵਾ ਸਕੂਲ ਦੀ ਆਯੂ ਦੇ ਬੱਚਿਆਂ ਦੇ ਮਾਪਿਆਂ ਵਾਸਤੇ ਸਭ ਤੋਂ ਵਧੀਆ ਰਹਿੰਦੀ ਹੈ, ਜਿੰਨ੍ਹਾਂ ਨੂੰ ਸਕੂਲ ਦੇ ਸਮੇਂ ਤੋਂ ਅੱਗੇ-ਪਿੱਛੇ ਸੰਭਾਲ ਦੀ ਲੋੜ ਹੁੰਦੀ ਹੈ।

+ ਹੋਰ ਬਾਲ ਸੰਭਾਲ ਵਿਕਲਪ

ਹੋਰ ਬਾਲ ਸੰਭਾਲ ਵਿਕਲਪਾਂ ਦੀ ਇੱਕ ਵਿਸ਼ਾਲ ਲੜੀ ਉਪਲਬਧ ਹੈ, ਜਿਸ ਵਿੱਚ ਪਰਿਵਾਰ, ਦੋਸਤ, ਬੇਬੀਸਿਟਰ ਅਤੇ ਨੈਨੀਆਂ ਸ਼ਾਮਲ ਹਨ। ਇਸ ਕਿਸਮ ਦੀਆਂ ਸੇਵਾਵਾਂ ਲਚਕਦਾਰ ਹੁੰਦੀਆਂ ਹਨ ਅਤੇ ਪਰਿਵਾਰ ਦੀਆਂ ਲੋੜਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀਆਂ ਹਨ। ਇਹਨਾਂ ਨੂੰ ਅਕਸਰ ਕਿਸੇ ਘਰ ਵਿੱਚ ਚਲਾਇਆ ਜਾਂਦਾ ਹੈ ਅਤੇ ਇਨ੍ਹਾਂ ਨੂੰ ਚਲਾਉਣ ਦੇ ਸਮੇਂ ਭਿੰਨ-ਭਿੰਨ ਹੋ ਸਕਦੇ ਹਨ।